ਸਭ ਹੱਕ ਰਾਖਵੇਂ ਹਨ ॥

G-629

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਏਕ ਜਪਿ ਏਕੋ ਸਾਲਾਹਿ ।

ਗੁਰਮਤ ਪ੍ਰਚਾਰ ਲੜੀ

ਨੰਬਰ ੧

# ਗੁਰੂ ਗ੍ਰੰਥ ਤੇ ਪੰਥ

ਕ੍ਰਿਤ

**ਸ੍ਰੀਮਾਨ ਗਿ: ਸ਼ੇਰ ਸਿੰਘ ਜੀ**

ਮਈ ੧੯

ਪ੍ਰਕਾਸ਼ਕ

**ਸੁਰਜਨ ਸਿੰਘ ਐਂਡ ਸੰਨਜ਼,**

ਮਾ: ਦੇਸ਼ ਸੇਵਕ ਬੁੱਕ ਏਜੰਸੀ,

ਬਾਜ਼ਾਰ ਭੈਰੋਂ ਜਾਲੰਧਰ ਸ਼ਹਿਰ ।

ਦੂਜੀ ਵਾਰ ੧੦੦੦] ਮੋਖ ॥)

DYAL SINGH LAHORE LIBRARY

# ਮੁਖ ਲੇਖ

ਜੇ ਇਸ ਗਲ ਤੇ ਧਿਆਨ ਮਾਰਿਆ ਜਾਵੇ ਕਿ ਕੌਮਾਂ ਕਿਸ ਤਰ੍ਹਾਂ ਬਝਦੀਆਂ ਤੇ ਕਾਇਮ ਰਹਿੰਦੀਆਂ ਹਨ, ਤਾਂ ਮੰਨਣਾਂ ਪਵੇਗਾ ਕਿ ਹਰ ਇਕ ਜ਼ਿੰਦਾ ਕੌਮ ਕਿਸੇ ਨਾਂ ਕਿਸੇ ਡਾਢੇ ਸੰਗਲ ਵਿਚ ਬੱਧੀ ਹੋਈ ਹੈ। ਸਾਡੀ ਸਿਖ ਕੌਮ ਨੂੰ ਕਾਇਮ ਰਖਣ ਵਾਲਾ ਤਗੜਾ ਸੰਗਲ, ਸਾਡੇ ਧਰਮ ਦੀ ਏਕਤਾ ਹੈ, ਇਸ ਧਾਰਮਕ ਏਕਤਾ ਵਿਚ ਉਹ ਚੀਜ਼ ਹੈ ਕਿ ਜਿਸਦੇ ਕਾਰਨ ਅਜ ਇਕ ਕਲਕੱਤੇ ਵਿਚ ਬੈਠੇ ਮੁਸਲਮਾਨ ਦੇ ਸੀਨੇ ਅੰਦਰ ਯੂਰਪ ਦੇ ਰਹਿਣ ਵਾਲੇ ਤੁਰਕਾਂ ਲਈ ਦਰਦ ਮੌਜੂਦ ਹੈ, ਸਗੋਂ ਧਾਰਮਕ ਲੈਹਰ ਦੇ ਚੜ੍ਹ ਜਾਣ ਪਰ ਯੂਰਪੀ ਤੇ ਏਸ਼ੀਯਾਈ ਮੁਸਲਮਾਨ ਦੀ ਪਛਾਣ ਭੀ ਕੁਝ ਮੁਸ਼ਕਲ ਜੇਹੀ ਹੋ ਜਾਂਦੀ ਹੈ। ਪਰ ਖੋਟੇ ਭਾਗਾਂ ਕਰਕੇ ਕਈ ਸੌ ਡੇਢ ਸੌ ਸਾਲ ਤੋਂ ਅਸੀਂ ਅਜੇਹੇ ਰੁਲੇ ਹਾਂ ਕਿ ਸਾਡੇ ਧਾਰਮਕ ਨਿਸਚੇ ਵਿਚ ਬੜੇ ਹੀ ਫਰਕ ਪੈ ਚੁਕੇ ਹਨ, ਇਸ ਕਮਜ਼ੋਰੀ ਕਰਕੇ ਅਸੀਂ ਪੁਰਾਣੀ ਸਿਖ ਹਿਸਟਰੀ ਨੂੰ ਦਾਗ਼ ਲਾ ਦਿਤੇ ਹਨ, ਸਾਡੀ ਅਪਣੀ ਨਾਲਾਇਕੀ ਦੇ ਸਬਬ ਸਿਖ ਧਰਮ ਦਾ ਸਤਕਾਰ ਦੂਜਿਆਂ ਦੀਆਂ ਅੱਖਾਂ ਵਿਚ ਨਹੀਂ ਰਹਿਆ। ਹੁਣ ਜ਼ਰੂਰਤ ਹੈ ਕਿ ਪਹਿਲੇ ਅਸੀਂ ਸਤਿਗੁਰੂਆਂ ਦੀ ਅਮੋਲਕ ਸਿਖਿਆ ਨੂੰ ਸਮਝੀਏ ਤੇ ਫੇਰ ਸੁੰਦਰ ਗੁਲਦਸਤਾ ਲੋਕਾਂ ਦੇ ਪੇਸ਼ ਕਰੀਏ।

ਕੁਝ ਦੋਸਤਾਂ ਦਾ ਹੁਕਮ ਮੰਨਕੇ ਮੈਂ ਭੀ ਇਸ ਸੇਵਾ ਲਈ ਹਾਜ਼ਰ ਹੋਇਆ ਹਾਂ, ਭਾਵੇਂ ਮੇਰੀ ਸਮੱਥਾ ਇਤਨੀ ਹੋਵੇ ਕਿ ਮੈਂ ਇਸ ਰਸਤੇ ਵਿਚ ਕੁਛ ਸੇਵਾ ਕਰ ਸਕਾਂ,

ਪਰ ਫੇਰ ਭੀ ਗੁਰੂ ਪੰਥ ਦੀ ਮੇਹਰ ਨਾਲ ਇਹ ਕੰਮ ਕਿਸੇ ਲੇਖੇ ਜੋਗਾ ਹੋਣ ਦੀ ਉਮੈਦ ਹੈ । ਇਸ ਕਿਤਾਬ ਵਿਚ ਗੁਰੂ ਕੌਣ ਹੈ, ਸਿੱਖ ਕੌਣ ਹੈ, ਧਾਰਮਕ ਤੇ ਭਾਈਚਾਰਕ ਆਜ਼ਾਦੀ, ਸਿੱਖ ਧਰਮ ਦੀ ਉੱਚਤਾ, ਦਸ ਗੁਰੂਆਂ ਦੇ ਮਿਸ਼ਨ ਦੀ ਇੱਕ ਲੜੀ, ਆਦਿ ਵੀਚਾਰਾਂ ਆਈਆਂ ਹਨ ਨਿਸ਼ਚਾ ਹੈ ਕਿ ਸੱਜਣ ਇਸ ਨੂੰ ਇਕ ਵਾਰ ਵਿਚਾਰ ਕੇ ਪੜ੍ਹਨ ਦੀ ਖੇਚਲ ਜ਼ਰੂਰ ਕਰਨਗੇ, ਭਾਵੇਂ ਸੁਧਾਈ ਦਾ ਪ੍ਰਬੰਧ ਨਵੀਂ ਐਡੀਸ਼ਨ ਵਿਚ ਭੀ ਕਾਫੀ ਕੀਤਾ ਗਿਆ ਹੈ, ਪਰ ਫੇਰ ਭੀ ਕਲੈਰੀਕਲ ਯਾ ਪ੍ਰੂਫ ਦੀਆਂ ਗ਼ਲਤੀਆਂ ਦੀ ਖਮਾ ਕਰਨੀ ।

ਇਸ ਕਿਤਾਬ ਦਾ ਸਿੱਟਾ ਇਨ੍ਹਾਂ ਦੋ ਅਮੋਲਕ ਵਾਕਾਂ ਵਿੱਚ ਹੈ:-

"ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ"
(ਭਾਈ ਗੁਰਦਾਸ ਜੀ ਵਾਰ ੪੧)

"ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਏ ਗ੍ਰੰਥ ।"

ਦਾਸ :--

**ਗਿਆਨੀ ਸ਼ੇਰ ਸਿੰਘ**

ਰਾਵਲਪਿੰਡੀ ॥

ੴ ਸ੍ਰੀ ਵਾਹਿਗੁਰੂ ਜੀਕੀ ਫਤੇਹ ॥

# ਗੁਰੂ ਗ੍ਰੰਥ ਤੇ ਪੰਥ

ਭਾਵੇਂ ਸਿਦਕੀ, ਪੰਥ ਦਰਦੀ ਤੇ ਸੁਧਾਰਕ ਅਤੇ ਖਾਲਿਸ ਸਿੱਖਾਂ ਦਾ ਇਹੀ ਨਿਸਚਾ ਹੈ ਕਿ ਦਸਾਂ ਗੁਰੂਆਂ ਦੀ ਥਾਂ ਹੁਣ 'ਗੁਰੂ ਗ੍ਰੰਥ ਅਤੇ ਪੰਥ' ਹੈ, ਪਰ ਤਾਂ ਭੀ ਕਈ ਇਕ ਸਵਾਰਥੀ ਅਤੇ ਭੋਲੇ ਭਾਲੇ ਸੱਜਣਾਂ ਦੇ ਕਾਰਨ ਕਈ ਜਗਾ ਗੁਰੂ ਵਿਸ਼ੇ ਤੇ ਝਗੜਾ ਚਲ ਪੈਂਦਾ ਹੈ। ਇਸ ਤੋਂ ਛੁਟ ਗੁਰੂ ਗ੍ਰੰਥ ਅਤੇ ਪੰਥ ਨੂੰ ਗੁਰੂ ਪਦਵੀ ਦੇਕੇ ਜੋ ਐਲਾਨ ਸਤਿਗੁਰਾਂ ਨੇ ਸੁਧਾਰਕ ਦੁਨੀਆਂ ਉੱਪਰ ਕੀਤਾ ਹੈ, ਅਤੇ ਜਿਸਤਰਾਂ ਉਨ੍ਹਾਂ ਨੇ ਪਬਲਿਕ ਨੂੰ ਰੂਹਾਨੀ ਦਿਮਾਗੀ, ਮਜ਼ਹਬੀ ਤੇ ਭਾਈ ਚਾਰਕ ਆਜ਼ਾਦੀ ਦੇ ਕੇ ਅੱਗੇ ਲਈ ਹਰ ਤਰਾਂ ਮੁਲਕੀ ਆਜ਼ਾਦੀ ਆਦਿ ਦੀ ਸਿੱਖਿਆ ਦਿੱਤੀ ਹੈ, ਇਹ ਖੂਬੀ ਭੀ ਅਜੇ ਲੋਕਾਂ ਦੀਆਂ ਅੱਖਾਂ ਤੋਂ ਓਹਲੇ ਹੈ, । ਮੈਂ ਆਪਣੀ ਹਿੰਮਤ ਨੂੰ ਸਫਲ ਸਮਝਾਂਗਾ, ਜੇ ਇਸ ਛੋਟੀ ਜੇਹੀ ਕਿਤਾਬ ਵਿਚ ਇਨ੍ਹਾਂ ਗੱਲਾਂ ਤੇ ਚਾਨਣਾ ਪਾ ਦੇਵਾਂ ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.